# ਬੱਚਿਆਂ ਲਈ ਐਨੀਸਥੀਸੀਆ (ਬੇਹੋਸ਼ ਜਾਂ ਸੁੰਨ ਕਰਨਾ)



**ਜੇਕਰ ਤੁਹਾਡੇ ਬੱਚੇ ਨੂੰ ਸਰਜਰੀ ਕਰਵਾਉਣ ਦੀ ਲੋੜ ਹੈ, ਤਾਂ ਪਹਿਲਾਂ ਤੋਂ ਤਿਆਰੀ ਕਰਨ ਨਾਲ ਇਹ ਯਕੀਨੀ ਬਣਾਉਣ ਵਿੱਚ ਮੱਦਦ ਮਿਲ ਸਕਦੀ ਹੈ ਕਿ ਅਨੁਭਵ ਚੰਗਾ ਹੋਵੇ।**

**ਇਹ ਕਿਤਾਬਚਾ ਹੇਠ ਲਿਖੀਆਂ ਗੱਲਾਂ ਕਰੇਗਾ:**

- ਤੁਹਾਨੂੰ ਐਨੈਸਥੀਸੀਆ ਬਾਰੇ ਆਮ ਜਾਣਕਾਰੀ ਪ੍ਰਦਾਨ ਕਰੇਗਾ
- ਤੁਹਾਨੂੰ ਤੁਹਾਡੇ ਬੱਚੇ ਦੇ ਐਨੀਸਥੀਸੀਆ ਮਾਹਰ ਤੋਂ ਸਵਾਲ ਪੁੱਛਣ ਲਈ ਉਤਸ਼ਾਹਿਤ ਕਰੇਗਾ
- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਸ ਯੋਜਨਾਬੱਧ ਪ੍ਰਕਿਰਿਆ ਨੂੰ ਸਕਾਰਾਤਮਕ ਢੰਗ ਨਾਲ ਅਪਣਾਉਣ ਵਿੱਚ ਮੱਦਦ ਕਰੇਗਾ

**ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਤੁਹਾਨੂੰ ਆਪਣੇ ਮਾਹਰ ਜਾਂ ਸੰਬੰਧਿਤ ਸਿਹਤ ਪੇਸ਼ੇਵਰ ਤੋਂ ਪੁੱਛਣੇ ਚਾਹੀਦੇ ਹਨ।**

## ਸਰਜਰੀ ਦੀਆਂ ਕਿਸਮਾਂ

ਲਗਭਗ ਸਾਰੀਆਂ ਸਰਜਰੀਆਂ ਜੋ ਵੱਡਿਆਂ ਵਿੱਚ ਕੀਤੀਆਂ ਜਾ ਸਕਦੀਆਂ ਹਨ, ਬੱਚਿਆਂ ਵਿੱਚ ਵੀ ਕੀਤੀਆਂ ਜਾ ਸਕਦੀਆਂ ਹਨ।

## ਤੁਸੀਂ ਸੁਰੱਖਿਅਤ ਹੱਥਾਂ ਵਿੱਚ ਹੋ

ਐਨੀਸਥੀਸੀਆ ਲੈਣ ਲਈ ਆਸਟ੍ਰੇਲੀਆ ਦੁਨੀਆ ਦੇ ਸਭ ਤੋਂ ਸੁਰੱਖਿਅਤ ਸਥਾਨਾਂ ਵਿੱਚੋਂ ਇੱਕ ਹੈ। ਆਸਟ੍ਰੇਲੀਆ ਦੇ ਐਨੀਸਥੇਟਿਸਟ ਜਾਂ ਐਨੀਸਥੀਸੀਆ ਮਾਹਰ ਉੱਚ ਸਿਖਲਾਈ ਪ੍ਰਾਪਤ ਮੈਡੀਕਲ ਮਾਹਰ ਹੁੰਦੇ ਹਨ। ਉਹਨਾਂ ਨੇ ਮੈਡੀਕਲ ਸਕੂਲ ਤੋਂ ਪੜ੍ਹਾਈ ਕੀਤੀ ਹੈ, ਇੰਟਰਨਸ਼ਿਪ ਪੂਰੀ ਕੀਤੀ ਹੈ ਅਤੇ ਘੱਟੋ-ਘੱਟ ਪੰਜ ਸਾਲਾਂ ਲਈ ਐਨੀਸਥੀਸੀਆ ਵਿੱਚ ਵਿਸ਼ੇਸ਼ ਸਿਖਲਾਈ ਹਾਸਲ ਕੀਤੀ ਹੈ। ਇਸ ਸਿਖਲਾਈ ਵਿੱਚ ਐਨੀਸਥੀਸੀਆ, ਦਰਦ ਪ੍ਰਬੰਧਨ, ਰੀਸਸਿਟੇਸ਼ਨ ( ਹੋਸ਼ ਵਿੱਚ ਲਿਆਉਣਾ) ਅਤੇ ਮੈਡੀਕਲ ਐਮਰਜੈਂਸੀ ਨਾਲ ਨਜਿੱਠਣਾ ਸ਼ਾਮਲ ਹੁੰਦਾ ਹੈ।

## ਸਰਜਰੀ ਤੋਂ ਪਹਿਲਾਂ

ਤੁਹਾਡੇ ਬੱਚੇ ਦਾ ਐਨੀਸਥੀਸੀਆ ਮਾਹਰ ਤੁਹਾਡੇ ਬੱਚੇ ਦੇ ਡਾਕਟਰੀ ਇਤਿਹਾਸ ਬਾਰੇ ਜਾਣਨਾ ਚਾਹੇਗਾ। ਇਸ ਲਈ ਐਨੀਸਥੀਸੀਆ ਮਾਹਰ ਤੁਹਾਡੇ ਬੱਚੇ ਦੀ ਸਰਜਰੀ ਦੀ ਮਿਤੀ ਤੋਂ ਪਹਿਲਾਂ ਤੁਹਾਨੂੰ ਆਪਣੇ ਕਲੀਨਿਕ ਵਿੱਚ ਮਿਲ ਸਕਦੇ ਹਨ ਜਾਂ ਟੈਲੀਹੈਲਥ ਰਾਹੀਂ ਸਲਾਹ-ਮਸ਼ਵਰਾ ਕਰ ਸਕਦੇ ਹਨ। ਤੁਹਾਡੇ ਬੱਚੇ ਨੂੰ ਸਰਜਰੀ ਤੋਂ ਪਹਿਲਾਂ ਹੋਰ ਟੈਸਟ ਕਰਵਾਉਣ ਜਾਂ ਹੋਰ ਮੈਡੀਕਲ ਅਤੇ ਸਿਹਤ ਮਾਹਰਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਪੈ ਸਕਦੀ ਹੈ। ਹਾਲਾਂਕਿ ਇਹ ਟੈਸਟ ਅਤੇ ਜਾਂਚਾਂ ਤੁਹਾਡੀ ਸਰਜਰੀ ਵਿੱਚ ਦੇਰੀ ਕਰ ਸਕਦੀਆਂ ਹਨ, ਪਰ ਸਰਜਰੀ ਤੋਂ ਪਹਿਲਾਂ ਤੁਹਾਡੇ ਬੱਚੇ ਦੀ ਸਿਹਤ ਦਾ ਸਭ ਤੋਂ ਵਧੀਆ ਹਾਲਤ ਵਿੱਚ ਹੋਣਾ, ਸਫ਼ਲ ਨਤੀਜੇ ਅਤੇ ਤੁਹਾਡੀ ਲੰਬੇ ਸਮੇਂ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ। ਇਸ ਸਮੇਂ ਦੌਰਾਨ, ਤੁਹਾਨੂੰ ਕੋਈ ਵੀ ਸਵਾਲ ਪੁੱਛਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੋ ਤੁਹਾਡੇ ਮਨ ਵਿੱਚ ਹੋਣ। ਕਈ ਵਾਰੀ ਸ਼ੁਰੂਆਤੀ ਸਲਾਹ-ਮਸ਼ਵਰੇ ਅਤੇ ਸਰਜਰੀ ਦੀ ਤਾਰੀਖ ਦੇ ਵਿਚਕਾਰ ਦੇਰੀ ਹੋ ਸਕਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਕੋਈ ਨਵੀਂ ਮੈਡੀਕਲ ਸਮੱਸਿਆ ਹੋ ਜਾਵੇ, ਜਿਸ ਵਿੱਚ ਖੰਘ ਜਾਂ ਜ਼ੁਕਾਮ ਵੀ ਸ਼ਾਮਲ ਹੈ, ਤਾਂ ਕਿਰਪਾ ਕਰਕੇ ਆਪਣੇ ਐਨੀਸਥੀਸੀਆ ਮਾਹਰ ਨੂੰ ਦੱਸੋ।

## ਤੁਹਾਡੀਆਂ ਦਵਾਈਆਂ

ਜ਼ਿਆਦਾਤਰ ਦਵਾਈਆਂ ਸਰਜਰੀ ਤੱਕ ਜਾਰੀ ਰੱਖੀਆਂ ਜਾ ਸਕਦੀਆਂ ਹਨ। ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਅਤੇ ਸ਼ੂਗਰ ਦੀਆਂ ਦਵਾਈਆਂ ਲਈ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ ਅਤੇ ਤੁਹਾਨੂੰ ਇਨ੍ਹਾਂ ਬਾਰੇ ਖ਼ਾਸ ਹਿਦਾਇਤਾਂ ਦਿੱਤੀਆਂ ਜਾਣਗੀਆਂ। ਜੇਕਰ ਤੁਹਾਨੂੰ ਕੋਈ ਸੰਦੇਹ ਹੋਵੇ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਸਰਜਨ ਜਾਂ ਐਨੀਸਥੀਸੀਆ ਮਾਹਰ ਤੋਂ ਪੁੱਛੋ

## ਤਿਆਰੀ

ਬੱਚੇ ਕੁਦਰਤੀ ਤੌਰ 'ਤੇ ਅੰਤਰ ਗਿਆਨੀ ਹੁੰਦੇ ਹਨ ਅਤੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰ ਲੈਂਦੇ ਹਨ। ਜਾਣਕਾਰੀ ਰੱਖਣ ਅਤੇ ਸਕਾਰਾਤਮਕ ਰਹਿਣ ਨਾਲ ਤੁਹਾਡੇ ਬੱਚੇ ਨੂੰ ਇਸ ਪ੍ਰਕਿਰਿਆ ਦੌਰਾਨ ਮੱਦਦ ਮਿਲੇਗੀ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਯੋਜਨਾਬੱਧ ਸਰਜਰੀ ਬਾਰੇ ਥੋੜ੍ਹਾ-ਬਹੁਤ ਸਮਝਾਓ ਤਾਂ ਜੋ ਤੁਹਾਡੇ ਬੱਚੇ ਨੂੰ ਸਿਹਤ ਸੰਭਾਲ ਪ੍ਰਣਾਲੀ ਵਿੱਚ ਭਰੋਸਾ ਕਰਨ, ਤਿਆਰ ਅਤੇ ਸ਼ਾਂਤ ਮਹਿਸੂਸ ਕਰਨ ਵਿੱਚ ਮੱਦਦ ਮਿਲ ਸਕੇ।

ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਸਰਜਰੀ ਹੋਣ ਤੋਂ ਪਹਿਲਾਂ ਦਿੱਤੀਆਂ ਪੇਟ ਖ਼ਾਲੀ ਰੱਖਣ ਦੀਆਂ ਹਦਾਇਤਾਂ ਦੀ ਪਾਲਣਾ ਕਰੇ, ਨਹੀਂ ਤਾਂ ਸਰਜਰੀ ਵਿੱਚ ਦੇਰੀ ਹੋ ਸਕਦੀ ਹੈ ਜਾਂ ਕਿਸੇ ਹੋਰ ਦਿਨ ਲਈ ਮੁਲਤਵੀ ਕੀਤੀ ਜਾ ਸਕਦੀ ਹੈ। ਆਮ ਤੌਰ 'ਤੇ, ਬੱਚਿਆਂ ਲਈ ਉਨ੍ਹਾਂ ਦੀ ਸਰਜਰੀ ਦੀ ਤਿਆਰੀ ਕਰਨ ਲਈ ਇਹ ਹਦਾਇਤਾਂ ਹਨ:

- ਸਰਜਰੀ ਤੋਂ 6 ਘੰਟੇ ਪਹਿਲਾਂ ਤੱਕ ਠੋਸ ਭੋਜਨ ਅਤੇ ਦੁੱਧ ਨਾ ਦਿਉ
- ਸਰਜਰੀ ਤੋਂ 4 ਘੰਟੇ ਪਹਿਲਾਂ ਤੱਕ ਮਾਂ ਦਾ ਦੁੱਧ ਨਾ ਦਿਉ
- ਸਰਜਰੀ ਤੋਂ 2 ਘੰਟੇ ਪਹਿਲਾਂ ਤੱਕ ਪਾਰਦਰਸ਼ੀ ਤਰਲ ਪਦਾਰਥ ਨਾ ਦਿਉ

ਕੁੱਝ ਐਨੀਸਥੀਸੀਆ ਮਾਹਰ ਤੁਹਾਡੇ ਬੱਚੇ ਨੂੰ ਸਰਜਰੀ ਤੋਂ ਇੱਕ ਘੰਟਾ ਪਹਿਲਾਂ ਤੱਕ ਪਾਣੀ ਦੇ ਕੁੱਝ ਘੁੱਟ ਪਾਣੀ ਪੀਣ ਦੀ ਸਿਫਾਰਸ਼ ਕਰ ਸਕਦੇ ਹਨ ਜਾਂ ਪੇਟ ਖ਼ਾਲੀ ਰੱਖਣ ਦੀਆਂ ਵੱਖਰੀਆਂ ਹਦਾਇਤਾਂ ਪਾਲਣਾ ਕਰਨ ਲਈ ਕਹਿ ਸਕਦੇ ਹਨ। ਤੁਹਾਡੇ ਬੱਚੇ ਦਾ ਐਨੀਸਥੀਸੀਆ ਮਾਹਰ ਪ੍ਰਕਿਰਿਆ ਤੋਂ ਪਹਿਲਾਂ ਇਸ ਬਾਰੇ ਤੁਹਾਡੇ ਨਾਲ ਗੱਲਬਾਤ ਕਰੇਗਾ।

ਕਿਉਂਕਿ ਬੱਚੇ ਘਰ ਤੋਂ ਬਾਹਰ ਅਤੇ ਹਸਪਤਾਲ ਵਿੱਚ ਘਬਰਾਏ ਹੋਏ ਮਹਿਸੂਸ ਕਰ ਸਕਦੇ ਹਨ, ਇਸ ਲਈ ਇੰਤਜ਼ਾਰ ਕਰਦੇ ਸਮੇਂ ਲਈ ਉਨ੍ਹਾਂ ਨੂੰ ਰੁਝਾਉਣ ਲਈ ਕੋਈ ਕਿਤਾਬ, ਟੈਬਲੇਟ ਜਾਂ ਪਿਆਰਾ ਖਿਲੌਣਾ ਨਾਲ ਲਿਆਉਣਾ ਮੱਦਦਗਾਰ ਹੋ ਸਕਦਾ ਹੈ।

Australian Society of Anaesthetists®

## ਕੀ ਉਮੀਦ ਰੱਖਣੀ ਚਾਹੀਦੀ ਹੈ?

ਤੁਹਾਡੇ ਬੱਚੇ ਦਾ ਐਨੀਸਥੀਸੀਆ ਮਾਹਰ ਆਪ੍ਰੇਸ਼ਨ ਤੋਂ ਪਹਿਲਾਂ ਤੁਹਾਡੇ ਨਾਲ ਇਸ ਪ੍ਰਕਿਰਿਆ ਬਾਰੇ ਗੱਲ ਕਰੇਗਾ। ਐਨੀਸਥੀਸੀਆ ਦੀ ਕਿਸਮ ਸਰਜਰੀ ਦੀ ਕਿਸਮ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ, ਪਰ ਇਹ ਐਨੀਸਥੀਸੀਆ ਮਾਹਰ ਜਾਂ ਮਰੀਜ਼ ਦੀ ਪਸੰਦ 'ਤੇ ਵੀ ਨਿਰਭਰ ਕਰਦੀ ਹੈ।

**ਲੋਕਲ ਐਨੀਸਥੀਸੀਆ:** ਸੁੰਨ ਕਰਨ ਲਈ ਸਰਜਰੀ ਵਾਲੀ ਥਾਂ 'ਤੇ ਲੋਕਲ ਐਨੀਸਥੀਸੀਆ ਦਵਾਈ ਦਾ ਟੀਕਾ ਲਗਾਇਆ ਜਾ ਸਕਦਾ ਹੈ। ਲੋਕਲ ਐਨੀਸਥੀਸੀਆ ਆਮ ਤੌਰ 'ਤੇ ਜਨਰਲ ਐਨੀਸਥੀਸੀਆ ਦੇ ਨਾਲ ਵਰਤਿਆ ਜਾਂਦਾ ਹੈ, ਪਰ ਇਹ ਸਿਰਫ਼ ਆਪਣੇ ਆਪ ਵਿੱਚ ਇਕੱਲਾ ਘੱਟ ਹੀ ਵਰਤਿਆ ਜਾਂਦਾ ਹੈ।

**ਰਿਜ਼ਨਲ ਐਨੀਸਥੀਸੀਆ:** ਰਿਜ਼ਨਲ ਐਨੀਸਥੀਸੀਆ ਜਾਂ 'ਨਰਵ ਬਲਾਕ' ਵਿੱਚ ਨਸਾਂ ਜਾਂ ਨਸਾਂ ਦੇ ਸਮੂਹ ਦੇ ਆਲੇ-ਦੁਆਲੇ ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਲਗਾਉਣਾ ਸ਼ਾਮਲ ਹੁੰਦਾ ਹੈ। ਨਰਵ ਬਲਾਕ ਆਮ ਤੌਰ 'ਤੇ ਤੁਹਾਡੇ ਬੱਚੇ ਨੂੰ ਸਰਜਰੀ ਤੋਂ ਬਾਅਦ ਦਰਦ ਤੋਂ ਰਾਹਤ ਦੇਣ ਲਈ ਦਿੱਤਾ ਜਾਂਦਾ ਹੈ। ਇਹ ਆਮ ਤੌਰ 'ਤੇ ਉਸ ਵੇਲੇ ਕੀਤਾ ਜਾਂਦਾ ਹੈ ਜਦੋਂ ਤੁਹਾਡੇ ਬੱਚੇ ਨੂੰ ਐਨੀਸਥੀਸੀਆ ਦੇ ਦਿੱਤਾ ਗਿਆ ("ਸੌਂ" ਚੁੱਕਿਆ) ਹੁੰਦਾ ਹੈ ਅਤੇ ਇਹ ਸਿਰਫ਼ ਆਪਣੇ ਆਪ ਵਿੱਚ ਇਕੱਲਾ ਘੱਟ ਹੀ ਦਿੱਤਾ ਜਾਂਦਾ ਹੈ।

**ਸੇਡੇਸ਼ਨ (ਨੀਂਦ ਆਉਣ ਜਾਂ ਸ਼ਾਂਤ ਕਰਨ ਵਾਲੀ ਦਵਾਈ):** ਇਸਨੂੰ ਕਈ ਵਾਰ "ਟਵਾਈਲਾਈਟ ਐਨੀਸਥੀਸੀਆ" ਵੀ ਕਿਹਾ ਜਾਂਦਾ ਹੈ ਅਤੇ ਇਹ ਤੁਹਾਡੇ ਬੱਚੇ ਨੂੰ ਆਰਾਮਦਾਇਕ ਅਤੇ ਨੀਂਦਰਾ ਬਣਾਉਣ ਲਈ ਨਾੜੀ ਰਾਹੀਂ ਦਿੱਤੀ ਜਾਂਦੀ ਹੈ। ਇਹ ਜਨਰਲ ਐਨੀਸਥੀਸੀਆ ਵਰਗਾ ਨਹੀਂ ਹੁੰਦਾ ਅਤੇ ਸਰਜਰੀ ਲਈ ਬੱਚਿਆਂ ਨੂੰ ਬਹੁਤ ਘੱਟ ਹੀ ਦਿੱਤਾ ਜਾਂਦਾ ਹੈ।

**ਜਨਰਲ ਐਨੀਸਥੀਸੀਆ:** ਜਨਰਲ ਐਨੀਸਥੀਸੀਆ ਉਹ ਹੁੰਦਾ ਹੈ ਜਿਸਨੂੰ ਆਮ ਤੌਰ 'ਤੇ "ਸੌਂ ਜਾਣਾ" ਕਿਹਾ ਜਾਂਦਾ ਹੈ। ਜਨਰਲ ਐਨੀਸਥੀਸੀਆ ਦੇਣ ਤੋਂ ਪਹਿਲਾਂ, ਤੁਹਾਡੇ ਬੱਚੇ ਨੂੰ ਆਮ ਤੌਰ 'ਤੇ ਮਾਸਕ ਰਾਹੀਂ ਆਕਸੀਜਨ ਸਾਹ ਰਾਹੀਂ ਲੈਣ ਲਈ ਕਿਹਾ ਜਾਵੇਗਾ। ਐਨੀਸਥੀਸੀਆ ਮਾਹਰ ਆਮ ਤੌਰ 'ਤੇ ਸਾਹ ਰਾਹੀਂ ਐਨੀਸਥੀਸੀਆ ਦੇਣ ਨਾਲ ਐਨੀਸਥੀਸੀਆ ਦੇਣਾ ਸ਼ੁਰੂ ਕਰਦਾ ਹੈ। ਇਸ ਵਿੱਚ ਬੱਚੇ ਨੂੰ ਬੇਹੋਸ਼ ਕਰਨ ਲਈ ਮਾਸਕ ਜਾਂ ਸਾਹ ਲੈਣ ਵਾਲੀ ਟਿਊਬ ਰਾਹੀਂ ਐਨੀਸਥੀਸੀਆ ਵਾਲੀਆਂ ਗੈਸਾਂ ਦਿੱਤੀਆਂ ਜਾਂਦੀਆਂ ਹਨ। ਬੱਚੇ ਬਹੁਤ ਜਲਦੀ "ਸੌਂ" ਜਾਂਦੇ ਹਨ। ਕਈ ਵਾਰ ਜਦੋਂ ਉਹ "ਸੌਣ" ਲੱਗਦੇ ਹਨ, ਤਾਂ ਉਹ ਹਿੱਲ ਸਕਦੇ ਹਨ, ਆਪਣੀਆਂ ਅੱਖਾਂ ਘੁੰਮਾ ਸਕਦੇ ਹਨ, ਸਾਹ ਲੈਂਦੇ ਹੋਏ ਆਵਾਜ਼ ਕਰ ਸਕਦੇ ਹਨ ਜਾਂ ਬਿਲਕੁਲ ਢਿੱਲੇ ਪੈ ਸਕਦੇ ਹਨ। ਇਹ ਹੋਣਾ ਆਮ ਗੱਲ ਹੈ। ਸਰਜਰੀ ਦੀ ਕਿਸਮ, ਹਸਪਤਾਲ ਅਤੇ ਬੱਚੇ ਦੀ ਉਮਰ ਦੇ ਅਨੁਸਾਰ, ਜਦੋਂ ਤੱਕ ਉਹ "ਸੌਂ" ਨਹੀਂ ਜਾਂਦੇ ਤੁਹਾਨੂੰ ਆਪਣੇ ਬੱਚੇ ਦੇ ਨਾਲ ਰਹਿਣ ਦੀ ਆਗਿਆ ਹੋ ਸਕਦੀ ਹੈ। ਹਾਲਾਂਕਿ ਇਹ ਹਰ ਵਾਰ ਸੰਭਵ ਨਹੀਂ ਹੁੰਦਾ ਅਤੇ ਇਹ ਫ਼ੈਸਲਾ ਐਨੀਸਥੀਸੀਆ ਮਾਹਰ ਅਤੇ ਥੀਏਟਰ ਸਟਾਫ਼ 'ਤੇ ਨਿਰਭਰ ਕਰਦਾ ਹੈ।

ਕੁੱਝ ਬੱਚਿਆਂ ਨੂੰ ਐਨੀਸਥੀਸੀਆ ਤੋਂ ਪਹਿਲਾਂ ਸੇਡੇਟਿਵ ਦਵਾਈ ਦੇਣ ਦੀ ਲੋੜ ਹੋ ਸਕਦੀ ਹੈ। ਇਹ ਇੱਕ ਗੋਲੀ ਜਾਂ ਤਰਲ ਦਵਾਈ ਦੇ ਰੂਪ ਵਿੱਚ ਹੋ ਸਕਦੀ ਹੈ ਜਿਸਨੂੰ ਥੋੜ੍ਹੀ ਜਿਹੀ ਮਾਤਰਾ ਵਿੱਚ ਪਾਰਦਰਸ਼ੀ ਤਰਲ ਪਦਾਰਥ ਜਿਵੇਂ ਕਿ ਕੋਰਡੀਅਲ ਨਾਲ ਮਿਲਾਇਆ ਜਾਂਦਾ ਹੈ। ਜੇਕਰ ਬੱਚੇ ਨੂੰ "ਸੌਣ" ਤੋਂ ਪਹਿਲਾਂ ਟੀਕਾ ਲਗਾਉਣ ਦੀ ਲੋੜ ਹੋਵੇ, ਤਾਂ ਉਹਨਾਂ ਦੇ ਹੱਥਾਂ ਜਾਂ ਬਾਂਹਾਂ 'ਤੇ ਲੋਕਲ ਐਨੀਸਥੀਸੀਆ ਵਾਲੀ ਕ੍ਰੀਮ ਵੀ ਲਗਾਈ ਜਾ ਸਕਦੀ ਹੈ ਤਾਂ ਜੋ ਚਮੜੀ ਸੁੰਨ ਹੋ ਜਾਵੇ।

## ਸਰਜਰੀ ਤੋਂ ਬਾਅਦ

ਸਰਜਰੀ ਦੇ ਅੰਤ 'ਤੇ, ਐਨੀਸਥੀਸੀਆ ਮਾਹਰ ਤੁਹਾਡੇ ਬੱਚੇ ਨੂੰ ਰਿਕਵਰੀ ਰੂਮ ਵਿੱਚ ਲੈ ਜਾਵੇਗਾ ਜਿੱਥੇ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਰਸਿੰਗ ਸਟਾਫ਼ ਉਸਦੀ ਦੇਖਭਾਲ ਕਰੇਗਾ। ਰਿਕਵਰੀ ਰੂਮ ਤੋਂ ਬੱਚੇ ਨੂੰ ਤਦ ਹੀ ਛੁੱਟੀ ਦਿੱਤੀ ਜਾਵੇਗੀ ਜਦੋਂ ਸਟਾਫ਼ ਨੂੰ ਇਹ ਯਕੀਨ ਹੋ ਜਾਵੇ ਕਿ ਅਜਿਹਾ ਕਰਨਾ ਸੁਰੱਖਿਅਤ ਹੈ, ਪਰ ਇਸ ਵਿੱਚ ਸਰਜਰੀ ਤੋਂ ਬਾਅਦ ਇੱਕ ਜਾਂ ਦੋ ਘੰਟੇ ਲੱਗ ਸਕਦੇ ਹਨ। ਹਾਲਾਂਕਿ ਤੁਸੀਂ ਚਿੰਤਤ ਮਹਿਸੂਸ ਕਰ ਸਕਦੇ ਹੋ, ਪਰ ਰਿਕਵਰੀ ਦੌਰਾਨ ਬੱਚੇ ਦਾ ਕੁੱਝ ਘੰਟਿਆਂ ਲਈ ਤੁਹਾਡੇ ਤੋਂ ਦੂਰ ਰਹਿਣਾ ਆਮ ਗੱਲ ਹੈ।

## ਉਹ ਜ਼ੋਖਮ, ਜਿਨ੍ਹਾਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ

ਜਦੋਂ ਐਨੀਸਥੀਸੀਆ ਕਿਸੇ ਐਨੀਸਥੀਸੀਆ ਮਾਹਰ ਵੱਲੋਂ ਦਿੱਤਾ ਜਾਂਦਾ ਹੈ, ਤਾਂ ਵੱਡੀਆਂ ਪੇਚੀਦਗੀਆਂ ਦਾ ਹੋਣਾ ਬਹੁਤ ਹੀ ਘੱਟ ਹੁੰਦੀਆਂ ਹਨ। ਛੋਟੀਆਂ ਪੇਚੀਦਗੀਆਂ ਵਿੱਚ ਚੱਕਰ ਆਉਣੇ ਜਾਂ ਸਿਰ ਘੁੰਮਣਾ, ਮਤਲੀ ਜਾਂ ਉਲਟੀਆਂ, ਗਲੇ ਵਿੱਚ ਦਰਦ, ਚਮੜੀ 'ਤੇ ਨੀਲ ਜਾਂ ਖੁਜਲੀ ਹੋਣਾ ਸ਼ਾਮਲ ਹਨ। ਧਿਆਨ ਦਿਓ ਕਿ ਬੇਹੋਸ਼ ਕਰਨ ਤੋਂ ਬਾਅਦ ਜਾਗਣ ਵਾਲੇ ਬੱਚਿਆਂ ਵਿੱਚ ਬੇਚੈਨੀ ਜਾਂ ਡਿਲੀਰੀਅਮ (ਉਲਝਣ) ਹੋ ਸਕਦਾ ਹੈ। ਇਹ ਛੋਟੇ ਬੱਚਿਆਂ ਵਿੱਚ ਜ਼ਿਆਦਾ ਆਮ ਹੁੰਦਾ ਹੈ। ਰਿਕਵਰੀ ਸਟਾਫ਼ ਠੀਕ ਹੋਣ ਤੱਕ ਨੇੜੇ ਤੋਂ ਨਿਗਰਾਨੀ ਕਰੇਗਾ। ਕੁੱਝ ਹਾਲਤਾਂ ਵਿੱਚ ਇਸਨੂੰ ਘਟਾਉਣ ਲਈ ਦਵਾਈ ਦੀ ਲੋੜ ਹੋ ਸਕਦੀ ਹੈ।

ਰਿਜ਼ਨਲ ਐਨੀਸਥੀਸੀਆ ਦਾ ਖ਼ਤਰਾ ਨਸਾਂ ਨੂੰ ਨੁਕਸਾਨ ਪਹੁੰਚਣਾ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਸੁੰਨ ਹੋਣਾ ਜਾਂ ਕਮਜ਼ੋਰੀ ਹੋ ਸਕਦੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਇਹ ਆਪਣੇ ਆਪ ਠੀਕ ਹੋ ਜਾਂਦੀ ਹੈ।

ਹਾਲਾਂਕਿ ਬਹੁਤ ਹੀ ਵਿਰਲੇ ਮਾਮਲਿਆਂ ਵਿੱਚ ਗੰਭੀਰ ਮਾੜੇ ਪ੍ਰਭਾਵ ਵੀ ਹੋ ਸਕਦੇ ਹਨ ਜਿਵੇਂ ਸਾਹ ਨਾਲੀ ਅਤੇ ਸਾਹ ਲੈਣ ਵਿੱਚ ਰੁਕਾਵਟ, ਉਲਟੀ ਦਾ ਸਾਹ ਰਾਹੀਂ ਅੰਦਰ ਚਲੇ ਜਾਣਾ ਅਤੇ ਗੰਭੀਰ ਐਲਰਜੀ ਪ੍ਰਤੀਕਿਰਿਆ। ਯਾਦ ਰੱਖੋ ਕਿ ਇਨ੍ਹਾਂ ਵਧੇਰੇ ਗੰਭੀਰ ਪੇਚੀਦਗੀਆਂ ਦੇ ਹੋਣ ਦੇ ਜ਼ੋਖਮ ਬਹੁਤ ਹੀ ਘੱਟ ਹੁੰਦੇ ਹਨ। ਤੁਹਾਨੂੰ ਆਪਣੇ ਬੱਚੇ ਦੇ ਐਨੀਸਥੀਸੀਆ ਮਾਹਰ ਤੋਂ ਕੋਈ ਵੀ ਪ੍ਰਸ਼ਨ ਪੁੱਛਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਹ ਖੁਸ਼ੀ ਨਾਲ ਤੁਹਾਨੂੰ ਉੱਤਰ ਦੇਣਗੇ ਅਤੇ ਤੁਹਾਡੇ ਬੱਚੇ ਦੀ ਸਰਜਰੀ ਲਈ ਸਭ ਤੋਂ ਵਧੀਆ ਯੋਜਨਾ 'ਤੇ ਗੱਲਬਾਤ ਕਰਨਗੇ।

ਇਹ ਕਿਤਾਬਚਾ ਬੱਚਿਆਂ ਲਈ ਐਨੀਸਥੀਸੀਆ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਤੁਹਾਡੀ ਨਿੱਜੀ ਇਲਾਜ ਯੋਜਨਾ ਬਾਰੇ ਤੁਹਾਡੇ ਮਾਹਰ ਵੱਲੋਂ ਦਿੱਤੀ ਗਈ ਸਲਾਹ ਦਾ ਬਦਲ ਨਹੀਂ ਹੈ। ਇਹ ਯਕੀਨੀ ਬਣਾਉਣ ਲਈ ਹਰ ਯਤਨ ਕੀਤਾ ਗਿਆ ਹੈ ਕਿ ਦਿੱਤੀ ਗਈ ਜਾਣਕਾਰੀ ਸਹੀ ਅਤੇ ਤਾਜ਼ਾ ਹੋਵੇ। ਹਾਲਾਂਕਿ, ਅਸੀਂ ਦਿੱਤੀ ਗਈ ਜਾਣਕਾਰੀ ਦੀ ਸ਼ੁੱਧਤਾ ਜਾਂ ਸੰਪੂਰਨਤਾ ਦੀ ਕੋਈ ਗਾਰੰਟੀ ਜਾਂ ਵਾਰੰਟੀ ਨਹੀਂ ਦਿੰਦੇ ਹਾਂ। ਕਲੀਨਿਕਲ ਖੋਜ ਅਤੇ ਗਿਆਨ ਵਿੱਚ ਤਰੱਕੀ ਦੇ ਕਾਰਨ ਇਹ ਜਾਣਕਾਰੀ ਸਮੇਂ ਦੇ ਨਾਲ ਬਦਲ ਸਕਦੀ ਹੈ। ਇਸ ਕਿਤਾਬਚੇ ਦੀ ਵਰਤੋਂ ਸਿਰਫ਼ ਆਪਣੇ ਮਾਹਰ ਨਾਲ ਸਲਾਹ-ਮਸ਼ਵਰਾ ਕਰਕੇ ਹੀ ਕਰੋ। ਅਸੀਂ ਤਰਜੀਹ ਦਿੰਦੇ ਹਾਂ ਸਾਡੇ ਮੈਂਬਰ ਸਾਡੀ ਸਮੱਗਰੀ ਨੂੰ ਆਪਣੀ ਵੈੱਬਸਾਈਟ 'ਤੇ ਛਾਪਣ ਜਾਂ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਬਜਾਏ ਸਾਡੀ ਵੈੱਬਸਾਈਟ ਨਾਲ ਲਿੰਕ ਕਰਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਸਭ ਤੋਂ ਤਾਜ਼ਾ ਜਾਣਕਾਰੀ ਤੱਕ ਪਹੁੰਚ ਹੋਵੇ। ਇਸਦੇ ਨਵੀਨਤਮ ਸੰਸਕਰਣ ਲਈ, ਕਿਰਪਾ ਕਰਕੇ ASA ਵੈੱਬਸਾਈਟ 'ਤੇ ਜਾਓ। ਆਖਰੀ ਸਮੀਖਿਆ 12/03/24 ਨੂੰ ਕੀਤੀ ਗਈ ਸੀ।

© ਆਸਟ੍ਰੇਲੀਅਨ ਸੋਸਾਇਟੀ ਆਫ਼ ਐਨੇਸਥੀਟਿਸਟਸ ਲਿਮਟਿਡ (ASA)।
ਇਸ ਕਿਤਾਬਚੇ ਦਾ ਸਾਰਾ ਜਾਂ ਕੁੱਝ ਹਿੱਸਾ ASA ਤੋਂ ਲਿਖਤੀ ਆਗਿਆ ਲਏ ਬਗ਼ੈਰ ਵਪਾਰਕ ਉਦੇਸ਼ਾਂ ਲਈ ਵਰਤਿਆ, ਬਦਲਿਆ, ਦੁਬਾਰਾ ਤਿਆਰ ਜਾਂ ਵੰਡਿਆ ਨਹੀਂ ਜਾ ਸਕਦਾ ਹੈ।

Australian Society of Anaesthetists®
PO Box 76, St Leonards, NSW 1590, Australia
1800 806 654 | asa@asa.org.au | ABN 16 095 377 370 | asa.org.au